# ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਬਿੱਲ, 2025

2025 ਦਾ ਪੰਜਾਬ ਬਿੱਲ ਨੰ. 16-ਪੀ.ਐੱਲ.ਏ.

ਇਕ ਬਿਲ

ਜੋ ਪੰਜਾਬ ਰਾਜ ਵਿੱਚ ਲਾਗੂ ਹੋਣ ਵਾਲੇ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ ਐਕਟ, 1960 ਵਿੱਚ ਹੋਰ ਸੋਧ ਕਰਦਾ ਹੈ।

ਇਸ ਐਕਟ ਨੂੰ ਭਾਰਤੀ ਗਣਰਾਜ ਦੇ 76ਵੇਂ ਸਾਲ ਵਿੱਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਹੇਠ ਲਿਖੇ ਅਨੁਸਾਰ ਲਾਗੂ ਕੀਤਾ ਜਾਵੇ:-

ਸੰਖੇਪ ਸਿਰਲੇਖ ਅਤੇ ਅਰੰਭ.

1. (1) ਇਸ ਐਕਟ ਨੂੰ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਐਕਟ, 2025 ਕਿਹਾ ਜਾਵੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ ਪ੍ਰਭਾਵੀ ਅਤੇ ਲਾਗੂ ਹੋਵੇਗਾ।

1960 ਦੇ ਕੇਂਦਰੀ ਐਕਟ 59 ਦੀ ਧਾਰਾ 2 ਵਿੱਚ ਸੋਧ।

2. ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ ਐਕਟ, 1960 (ਇਸ ਤੋਂ ਬਾਅਦ ਪ੍ਰਿੰਸੀਪਲ ਐਕਟ ਵਜੋਂ ਜਾਣਿਆ ਜਾਵੇਗਾ), ਦੀ ਧਾਰਾ 2 ਵਿੱਚ, ਪੰਜਾਬ ਰਾਜ ਵਿੱਚ ਲਾਗੂ ਹੋਣ ਦੇ ਸਬੰਧ ਵਿਚ, ਧਾਰਾ (ਬੀ) ਤੋਂ ਬਾਅਦ, ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

"(ਬੀਬੀ) " *ਬੈਲਗੱਡੀ ਦੌੜ" ਤੋਂ ਭਾਵ ਹੈ ਇੱਕ ਰਵਾਇਤੀ ਖੇਡ ਵਜੋਂ ਬੈਲਗੱਡੀ ਦੀ ਕੋਈ ਵੀ ਦੌੜ ਜਿਸ ਵਿੱਚ ਬੈਲਾਂ ਨੂੰ ਇੱਕ ਬੈਲਗੱਡੀ ਨਾਲ ਜੋੜਿਆ ਜਾਂਦਾ ਹੈ, ਜੋ ਆਮ ਤੌਰ 'ਤੇ ਪੰਜਾਬ ਰਾਜ ਵਿੱਚ ਪਰੰਪਰਾ ਅਤੇ ਸੱਭਿਆਚਾਰ ਦੇ ਹਿੱਸੇ ਵਜੋਂ ਅਜਿਹੀ ਨਿਰਧਾਰਤ ਜਗ੍ਹਾ 'ਤੇ ਆਯੋਜਿਤ ਕੀਤੀ ਜਾਂਦੀ ਹੈ, ਜਿਸ ਨੂੰ ਨਿਰਧਾਰਤ ਸਮਰੱਥ ਅਥਾਰਟੀ ਦੁਆਰਾ ਅਧਿਕਾਰਤ ਕੀਤਾ ਗਿਆ ਹੋਵੇ।"*

1960 ਦੇ ਕੇਂਦਰੀ ਐਕਟ 59 ਦੀ ਧਾਰਾ 3 ਵਿੱਚ ਸੋਧ।

3. ਪ੍ਰਿੰਸੀਪਲ ਐਕਟ ਵਿੱਚ, ਧਾਰਾ 3 ਵਿੱਚ, ਉਪ-ਧਾਰਾ (2) ਦੀ ਥਾਂ, ਹੇਠ ਲਿਖੀ ਉਪ-ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

"(2) *ਉਪ-ਧਾਰਾ* (1) *ਵਿੱਚ ਕੁਝ ਵੀ ਸ਼ਾਮਲ ਹੋਣ ਦੇ ਬਾਵਜੂਦ, ਕਿਲਾ ਰਾਏਪੁਰ ਪੇਂਡੂ ਖੇਡ ਸਮਾਗਮ ਜਾਂ ਜ਼ਿਲ੍ਹੇ ਵਿੱਚ ਸਮਰੱਥ ਅਧਿਕਾਰੀ ਦੁਆਰਾ ਅਧਿਕਾਰਤ ਕਿਸੇ ਵੀ ਨਿਰਧਾਰਤ ਸਥਾਨ 'ਤੇ ਬੈਲ ਗੱਡੀਆਂ ਦੀ ਦੌੜ ਦੇ ਆਯੋਜਨ ਦੀ ਇਜਾਜ਼ਤ ਅਜਿਹੇ ਨਿਯਮਾਂ ਦੇ ਅਧੀਨ ਹੋਵੇਗੀ, ਜੋ ਰਾਜ ਸਰਕਾਰ ਦੁਆਰਾ ਬਣਾਏ ਗਏ ਹੋਣ।"*

1960 ਦੇ ਕੇਂਦਰੀ ਐਕਟ 59 ਦੀ ਧਾਰਾ 11 ਵਿੱਚ ਸੋਧ।

4. ਪ੍ਰਿੰਸੀਪਲ ਐਕਟ ਦੀ ਧਾਰਾ 11 ਦੀ ਉਪ-ਧਾਰਾ (3) ਵਿੱਚ, ਕਲਾੱਜ਼ (ਐਫ) ਵਿੱਚ, ਚਿੰਨ੍ਹ "." ਦੇ ਸਥਾਨ ਤੇ, ਚਿੰਨ੍ਹ ਅਤੇ ਸ਼ਬਦ "; ਜਾਂ" ਵਰਤੇ ਜਾਣਗੇ ਅਤੇ ਇਸ ਤੋਂ ਬਾਅਦ ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ: -

"(ਜੀ) *ਪਰੰਪਰਾ ਅਤੇ ਸੱਭਿਆਚਾਰ ਦੀ ਪਾਲਣਾ ਅਤੇ ਪ੍ਰਫੁੱਲਤ ਕਰਨ ਅਤੇ ਪਸ਼ੂਆਂ ਦੀਆਂ ਦੇਸੀ ਨਸਲਾਂ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ, ਨਿਰਧਾਰਤ ਸਥਾਨ 'ਤੇ ਬੈਲਗੱਡੀਆਂ ਦੀ ਦੌੜ ਦਾ ਆਯੋਜਨ।"*.

1960 ਦੇ ਕੇਂਦਰੀ ਐਕਟ 59 ਦੀ ਧਾਰਾ 22 ਵਿੱਚ ਸੋਧ।

5. ਪ੍ਰਿੰਸੀਪਲ ਐਕਟ ਵਿੱਚ, ਧਾਰਾ 22 ਵਿੱਚ, ਕਲਾੱਜ਼ (ii) ਵਿੱਚ, ਮੌਜੂਦਾ ਉਪਬੰਧ ਨੂੰ ਲਈ, ਹੇਠ ਦਿੱਤੇ ਉਪਬੰਧ ਨਾਲ ਬਦਲਿਆ ਜਾਵੇਗਾ, ਅਰਥਾਤ:-

"*ਬਸ਼ਰਤੇ ਕਿ ਇਸ ਧਾਰਾ ਵਿੱਚ ਸ਼ਾਮਲ ਕੁਝ ਵੀ ਕਿਲਾ ਰਾਇਪੁਰ ਪੇਂਡੂ ਖੇਡ ਸਮਾਗਮ ਵਿੱਚ, ਜਾਂ ਕਿਸੇ ਵੀ ਨਿਰਧਾਰਤ ਸਥਾਨ'ਤੇ, ਬੈਲ ਗੱਡੀਆਂ ਦੀ ਦੌੜ ਦੇ ਆਯੋਜਨ'ਤੇ ਲਾਗੂ ਨਹੀਂ ਹੋਵੇਗਾ*".

1960 ਦੇ ਕੇਂਦਰੀ ਐਕਟ 59 ਦੀ ਧਾਰਾ 27 ਵਿੱਚ ਸੋਧ।

6. ਪ੍ਰਿੰਸੀਪਲ ਐਕਟ ਦੀ ਧਾਰਾ 27 ਵਿੱਚ, ਕਲਾੱਜ਼ (ਸੀ) ਵਿੱਚ, ਚਿੰਨ੍ਹ ".", ਦੇ ਸਥਾਨ ਤੇ, ਚਿੰਨ੍ਹ ਅਤੇ ਸ਼ਬਦ "; ਜਾਂ" ਵਰਤੇ ਜਾਣਗੇ ਅਤੇ ਇਸ ਤੋਂ ਬਾਅਦ ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ: -

"(ਡੀ) *ਪਰੰਪਰਾ ਅਤੇ ਸੱਭਿਆਚਾਰ ਦੀ ਪਾਲਣਾ ਅਤੇ ਪ੍ਰਫੁਲੱਤ ਕਰਨ ਅਤੇ ਪਸ਼ੂਆਂ ਦੀਆਂ ਦੇਸੀ ਨਸਲਾਂ ਦੀ ਹੋਂਦ ਅਤੇ ਨਿਰੰਤਰਤਾ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਨਿਰਧਾਰਤ ਸਥਾਨ ਤੇ ਬੈਲਗੱਡੀਆਂ ਦੀ ਦੌੜ ਦਾ ਆਯੋਜਨ।*"

1960 ਦੇ ਕੇਂਦਰੀ ਐਕਟ 59 ਦੀ ਧਾਰਾ 28-ਏ ਨੂੰ ਬਦਲਣਾ।

7. ਪ੍ਰਿੰਸੀਪਲ ਐਕਟ ਵਿੱਚ, ਧਾਰਾ 28-ਏ ਲਈ, ਹੇਠ ਲਿਖੀ ਧਾਰਾ ਨੂੰ ਬਦਲਿਆ ਜਾਵੇਗਾ, ਅਰਥਾਤ: -

ਬੈਲ-ਗੱਡੀਆਂ ਦੀ ਦੌੜ ਦੇ ਸੰਬੰਧ ਵਿੱਚ ਬਚਾਅ।

"28-ਏ. ***ਇਸ ਐਕਟ ਵਿੱਚ ਸ਼ਾਮਲ ਕੁਝ ਵੀ ਕਿਲਾ ਰਾਇਪੁਰ ਪੇਂਡੂ ਖੇਡ ਸਮਾਗਮਾਂ ਵਿੱਚ ਜਾਂ ਨਿਰਧਾਰਤ ਸਥਾਨ'ਤੇ ਕਰਵਾਈ ਜਾਣ ਵਾਲੀ ਬੈਲਗੱਡੀਆਂ ਦੀ ਦੌੜ'ਤੇ ਲਾਗੂ ਨਹੀਂ ਹੋਵੇਗਾ ਜੋ ਪਰੰਪਰਾ ਅਤੇ ਸੱਭਿਆਚਾਰ ਦੀ ਪਾਲਣਾ ਅਤੇ ਪ੍ਰਫੁੱਲਤ ਕਰਨ ਲਈ ਕਰਵਾਈ ਜਾਂਦੀ ਹੈ ਅਤੇ ਬੈਲਗੱਡੀਆਂ ਦੀ ਦੌੜ ਦਾ ਅਜਿਹਾ ਆਯੋਜਨ ਇਸ ਐਕਟ ਅਧੀਨ ਅਪਰਾਧ ਨਹੀਂ ਹੋਵੇਗਾ***".

## ਉਦੇਸ਼ਾਂ ਅਤੇ ਕਾਰਨਾਂ ਦੀ ਸਟੇਟਮੈਂਟ

ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ ਐਕਟ, 1960 (1960 ਦਾ ਕੇਂਦਰੀ ਐਕਟ 59) ਜਾਨਵਰਾਂ ਤੇ ਬੇਲੋੜੀ ਬੇਰਹਿਮੀ ਅਤੇ ਦੁੱਖ ਨੂੰ ਰੋਕਣ ਲਈ ਬਣਾਇਆ ਗਿਆ ਸੀ। ਇਹ ਐਕਟ ਕੁਝ ਖਾਸ ਹਾਲਤਾਂ ਵਿੱਚ ਇਸਦੇ ਉਪਬੰਧਾਂ ਨੂੰ ਲਾਗੂ ਕਰਨ ਤੋਂ ਛੋਟ ਦੇਣ ਦੀ ਜ਼ਰੂਰਤ ਨੂੰ ਵੀ ਮਾਨਤਾ ਦਿੰਦਾ ਹੈ। ਸੁਪਰੀਮ ਕੋਰਟ ਆਫ ਇੰਡੀਆ ਵਲੋਂ ਐਨੀਮਲ ਵੈਲਫੇਅਰ ਬੋਰਡ ਆਫ ਇੰਡੀਆ ਬਨਾਮ ਏ. ਨਾਗਰਾਜਾ (ਸਿਵਲ ਅਪੀਲ ਨੰ. 5387 ਆਫ 2014) ਵਿੱਚ ਪਾਇਆ ਹੈ ਕਿ ਤਾਮਿਲਨਾਡੂ ਰਾਜ ਵਿੱਚ ਪ੍ਰਚਲਿਤ "ਜਲੀਕੱਟੂ" ਦਾ ਆਚਰਣ, ਜਿਵੇਂ ਕਿ ਬੈਲਗੱਡੀਆਂ ਦੀ ਦੌੜ, 1960 ਦੇ ਕੇਂਦਰੀ ਐਕਟ 59 ਦੇ ਉਪਬੰਧਾਂ, ਖਾਸ ਕਰਕੇ ਉਸ ਐਕਟ ਦੀ ਧਾਰਾ 3, 11 ਅਤੇ 22 ਦੀ ਉਲੰਘਣਾ ਕਰਦਾ ਹੈ।

ਬੈਲ ਗੱਡੀਆਂ ਦੀ ਦੌੜਾਂ ਇਕ ਵਧੀਆ ਸਰੋਤ ਹੈ, ਪੰਜਾਬ ਰਾਜ ਵਿੱਚ ਸੱਭਿਆਚਾਰਕ ਵਿਰਾਸਤ ਅਤੇ ਪਰੰਪਰਾ ਬਰਕਰਾਰ ਰੱਖਣ ਲਈ, ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਅਤੇ ਪੰਜਾਬ ਦੀਆਂ ਦੇਸ਼ੀ ਪਸ਼ੂਆਂ ਦੀਆਂ ਨਸਲਾਂ ਨੂੰ ਬਿਹਤਰ ਬਣਾਉਣ ਲਈ। ਪੰਜਾਬ ਸਰਕਾਰ ਨੇ ਪੰਜਾਬ ਵਿੱਚ ਬੈਲ ਗੱਡੀਆਂ ਦੀ ਦੌੜ ਦੇ ਆਯੋਜਨ ਨੂੰ 1960 ਦੇ ਉਕਤ ਕੇਂਦਰੀ ਐਕਟ 59 ਦੇ ਉਪਬੰਧ ਤੋਂ ਛੋਟ ਦੇਣ ਦਾ ਫੈਸਲਾ ਕੀਤਾ ਹੈ।

ਇਸ ਲਈ, ਸਰਕਾਰ ਨੇ ਪੰਜਾਬ ਰਾਜ ਲਈ 1960 ਦੇ ਉਕਤ ਕੇਂਦਰੀ ਐਕਟ 59 ਵਿੱਚ ਸੋਧ ਕਰਨ ਦਾ ਫੈਸਲਾ ਕੀਤਾ ਹੈ। ਇਸ ਅਨੁਸਾਰ, ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਬਿੱਲ, 2025, ਪਾਸ ਕੀਤਾ ਜਾ ਰਿਹਾ ਹੈ।

(ਗੁਰਮੀਤ ਸਿੰਘ ਖੁੱਡੀਆਂ)
ਪਸ਼ੂ ਪਾਲਣ, ਮੱਛੀ ਪਾਲਣ ਅਤੇ
ਡੇਅਰੀ ਵਿਕਾਸ ਮੰਤਰੀ, ਪੰਜਾਬ

ਚੰਡੀਗੜ੍ਹ
ਮਿਤੀ: 10-07-2025